# ਵਿਕਟੋਰੀਅਨ ਸੁਪਰਕੇਅਰ ਫਾਰਮੇਸੀਆਂ

Victorian Supercare Pharmacies - Punjabi | ਪੰਜਾਬੀ

**OFFICIAL**

ਵਿਕਟੋਰੀਅਨ ਸੁਪਰਕੇਅਰ ਫਾਰਮੇਸੀਆਂ ਨੂੰ ਕੰਮਕਾਜੀ ਘੰਟਿਆਂ ਦੇ ਬਾਅਦ ਪੇਸ਼ੇਵਰ ਸਿਹਤ-ਸੰਭਾਲ ਅਤੇ ਸਲਾਹ ਤੱਕ ਪਹੁੰਚ ਪ੍ਰਦਾਨ ਕਰਨ ਲਈ ਵਿਕਟੋਰੀਆ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਹੈ।

ਸੁਪਰਕੇਅਰ ਫਾਰਮੇਸੀ:

- ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤੇ ਦਿਨ ਖੁੱਲ੍ਹੀ ਰਹਿੰਦੀ ਹੈ, ਸਲਾਹ, ਦਵਾਈਆਂ ਦੀ ਸਪਲਾਈ ਅਤੇ ਲਿਖਤ ਦਵਾਈਆਂ ਲੈਣ ਲਈ ਫਾਰਮਾਸਿਸਟ ਤੱਕ ਪਹੁੰਚ ਪ੍ਰਦਾਨ ਕਰਦੀ ਹੈ।
- ਇੱਕ ਪ੍ਰਾਈਵੇਟ ਸਲਾਹਕਾਰ ਕਮਰੇ ਦੀ ਵਰਤੋਂ ਕਰਦੇ ਹੋਏ ਮਾਮੂਲੀ ਬਿਮਾਰੀ ਅਤੇ ਸੱਟ ਲਈ ਹਰ ਰੋਜ਼ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਮੁਫ਼ਤ ਨਰਸਿੰਗ ਸੇਵਾ ਸ਼ਾਮਲ ਹੈ।
- ਤੁਹਾਡੇ ਭਾਈਚਾਰੇ ਵਿੱਚ ਇਹ ਵਾਧੂ ਸੇਵਾ ਪ੍ਰਦਾਨ ਕਰਨ ਲਈ ਚੁਣੀ ਗਈ ਫਾਰਮੇਸੀ ਦੇ ਨਾਮ ਅਤੇ ਮਾਰਕੇ (ਬ੍ਰਾਂਡਿੰਗ) ਦੇ ਤਹਿਤ ਕੰਮ ਕਰਦੀ ਹੈ। ਉਹਨਾਂ ਨੂੰ ਹਫ਼ਤੇ ਦੇ ਸੱਤੇ ਦਿਨ 24 ਘੰਟੇ ਖੋਲ੍ਹਣ ਲਈ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਹੈ ਅਤੇ ਤੁਹਾਡੀ ਫੇਰੀ ਦੌਰਾਨ ਗੁਪਤਤਾ ਨੂੰ ਯਕੀਨੀ ਬਣਾਉਣ ਲਈ ਨਰਸ ਲਈ ਇੱਕ ਸਮਰਪਿਤ ਪ੍ਰਾਈਵੇਟ ਸਲਾਹ ਦੇਣ ਵਾਲਾ ਕਮਰਾ ਮੌਜੂਦ ਹੈ।
- ਤੁਹਾਡੀ ਗੁਪਤਤਾ ਦਾ ਆਦਰ ਕਰਦੀ ਹੈ। ਤੁਹਾਡੀ ਸਿਹਤ ਦੀ ਜਾਣਕਾਰੀ ਸਿਰਫ਼ ਤੁਹਾਡੀ ਸਹਿਮਤੀ ਨਾਲ ਅਤੇ ਤੁਹਾਡੇ ਆਮ ਡਾਕਟਰ ਸਮੇਤ ਬਹੁਤ ਹੀ ਖ਼ਾਸ ਉਦੇਸ਼ਾਂ ਲਈ ਸਾਂਝੀ ਕੀਤੀ ਜਾਵੇਗੀ।
- ਦੁਭਾਸ਼ੀਏ ਵਾਲੀਆਂ ਸੇਵਾਵਾਂ ਤੱਕ ਪਹੁੰਚ ਹੈ।
- ਰਾਤ ਦੇ ਸਮੇਂ ਉਸ ਜਗ੍ਹਾ 'ਤੇ ਸੁਰੱਖਿਆ ਗਾਰਡ ਤਾਇਨਾਤ ਹੁੰਦਾ ਹੈ ਅਤੇ, ਜੇਕਰ ਹਾਲਾਤਾਂ ਅਨੁਸਾਰ ਲੋੜ ਪੈਂਦੀ ਹੈ, ਤਾਂ ਉਚਿਤ ਐਮਰਜੈਂਸੀ ਸੇਵਾਵਾਂ ਹਾਜ਼ਰ ਹੋਣਗੀਆਂ।
- ਪੈਲੀਏਟਿਵ ਕੇਅਰ (ਅੰਤਿਮ ਸਮੇਂ ਲਈ ਰਾਹਤ ਦੇਖਭਾਲ) ਲਈ ਸਟੈਂਡਰਡ ਦਵਾਈਆਂ ਦਾ ਸਟੌਕ ਹੁੰਦਾ ਹੈ।

## ਸੁਪਰਕੇਅਰ ਫਾਰਮਾਸਿਸਟ

- ਸੁਪਰਕੇਅਰ ਫਾਰਮਾਸਿਸਟ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤਾਂ ਦਿਨ, ਸਵੈ-ਇਲਾਜ ਲਈ ਕਾਊਂਟਰ ਤੋਂ ਆਪਣੇ ਆਪ ਲਈਆਂ ਜਾਣ ਵਾਲੀਆਂ ਦਵਾਈਆਂ ਦੇ ਨਾਲ-ਨਾਲ ਡਾਕਟਰ ਦੁਆਰਾ ਲਿਖਤ ਦਵਾਈਆਂ ਦੇਣ ਲਈ ਉਪਲਬਧ ਹੁੰਦਾ ਹੈ।
- ਸੁਪਰਕੇਅਰ ਫਾਰਮਾਸਿਸਟ ਬੀਮਾਰੀ ਦੀ ਰੋਕਥਾਮ ਅਤੇ ਦਵਾਈਆਂ ਦੀ ਸਹੀ ਵਰਤੋਂ ਬਾਰੇ ਸਿਹਤ ਵਰਧਕ ਸਿੱਖਿਆ ਦੇ ਨਾਲ-ਨਾਲ ਪ੍ਰਾਇਮਰੀ ਹੈਲਥਕੇਅਰ ਸਲਾਹ ਅਤੇ ਸਹਾਇਤਾ ਵੀ ਪ੍ਰਦਾਨ ਕਰ ਸਕਦੇ ਹਨ।

## ਸੁਪਰਕੇਅਰ ਨਰਸਿੰਗ ਸੇਵਾ

- ਰਜਿਸਟਰਡ ਨਰਸ ਹਰ ਸ਼ਾਮ 6 ਵਜੇ ਅਤੇ ਰਾਤ 10 ਵਜੇ ਦੇ ਵਿਚਕਾਰ ਸਲਾਹ-ਮਸ਼ਵਰੇ ਲਈ ਉਪਲਬਧ ਹੁੰਦੀ ਹੈ।
- ਨਰਸਾਂ ਮਾਮੂਲੀ ਸਿਹਤ ਸਮੱਸਿਆਵਾਂ ਜਿਵੇਂ ਕਿ ਧੱਫੜ, ਪਰਾਗ ਤਾਪ ਅਤੇ ਕੀੜੇ ਦੇ ਕੱਟਣ, ਅਤੇ ਮਾਮੂਲੀ ਜਲਣ, ਕੱਟਾਂ ਅਤੇ ਸੱਟਾਂ ਦਾ ਇਲਾਜ ਕਰਨ ਦੇ ਯੋਗ ਹਨ। ਉਹ ਬਲੱਡ ਪ੍ਰੈਸ਼ਰ ਦੀ ਜਾਂਚ ਕਰਨ, ਟੀਕਾਕਰਨ ਲਗਾਉਣ ਅਤੇ ਜੀਵਨਸ਼ੈਲੀ ਬਾਰੇ ਸਲਾਹ ਅਤੇ ਸਿਹਤ ਜਾਣਕਾਰੀ ਦੇਣ ਦੇ ਯੋਗ ਹੋਣਗੀਆਂ।
- ਨਰਸਾਂ ਕੁੱਝ ਕੁ ਕਿਸਮਾਂ ਦੇ ਟੀਕਾਕਰਨ ਲਗਾਉਣ ਲਈ ਉਪਲਬਧ ਹਨ, ਜਿਵੇਂ ਕਿ ਕਾਲੀ ਖੰਘ ਅਤੇ ਫ਼ਲੂਅ ਦੇ ਟੀਕੇ। ਉਹ ਡਾਕਟਰ ਦੁਆਰਾ ਲਿਖਤ ਟੀਕਾਕਰਨ ਦਾ ਪ੍ਰਬੰਧਨ ਕਰਨ ਦੇ ਯੋਗ ਵੀ ਹਨ।
- ਸੁਪਰਕੇਅਰ ਫਾਰਮੇਸੀ ਵਿੱਚ ਉਪਲਬਧ ਨਰਸਾਂ ਦਵਾਈ ਲਈ ਪਰਚੀ ਲਿਖਕੇ ਦੇਣ ਦੇ ਯੋਗ ਨਹੀਂ ਹਨ। ਜੇਕਰ ਡਾਕਟਰੀ ਸਮੀਖਿਆ ਦੀ ਲੋੜ ਹੁੰਦੀ ਹੈ, ਤਾਂ ਨਰਸਾਂ ਹੋਰ ਉਚਿਤ ਸਿਹਤ ਸੇਵਾ ਪ੍ਰਦਾਤਾਵਾਂ ਦਾ ਸੁਝਾਅ ਦੇਣਗੀਆਂ।
- ਅਪੋਇੰਟਮੈਂਟ ਲੈਣੀ ਜ਼ਰੂਰੀ ਨਹੀਂ ਹੈ। ਮਰੀਜ਼ਾਂ ਨੂੰ ਪਹਿਲਾਂ ਆਓ, ਪਹਿਲਾਂ-ਪਾਓ ਦੇ ਆਧਾਰ 'ਤੇ ਦੇਖਿਆ ਜਾਂਦਾ ਹੈ। ਜੇਕਰ ਵਿਅਕਤੀ ਦੀ ਸਥਿਤੀ ਨੂੰ ਉੱਚ ਪੱਧਰੀ ਦੇਖਭਾਲ ਦੀ ਲੋੜ ਹੁੰਦੀ ਹੈ, ਤਾਂ ਉਹਨਾਂ ਨੂੰ ਵਧੇਰੇ ਢੁੱਕਵੀਂ ਸਿਹਤ-ਸੰਭਾਲ ਸੇਵਾ ਲਈ ਭੇਜਿਆ ਜਾਂਦਾ ਹੈ।

- ਸੁਪਰਕੇਅਰ ਫਾਰਮੇਸੀ ਵਿਖੇ ਨਰਸ ਨੂੰ ਮਿਲਣ ਲਈ ਕੋਈ ਸਲਾਹ-ਮਸ਼ਵਰਾ ਫ਼ੀਸ ਨਹੀਂ ਦੇਣੀ ਪੈਂਦੀ ਹੈ। ਸਲਾਹ-ਮਸ਼ਵਰੇ ਦੌਰਾਨ ਨਰਸ ਦੁਆਰਾ ਵਰਤੀਆਂ ਜਾਂਦੀਆਂ ਮੈਡੀਕਲ ਸਪਲਾਈਆਂ ਵੀ ਮੁਫ਼ਤ ਹਨ। ਮਰੀਜ਼ ਫਾਰਮੇਸੀ ਤੋਂ ਵਾਧੂ ਉਤਪਾਦ ਖਰੀਦਣ ਦੀ ਚੋਣ ਕਰ ਸਕਦੇ ਹਨ।
- ਤੁਹਾਨੂੰ ਮੈਡੀਕੇਅਰ ਕਾਰਡ ਦੀ ਜ਼ਰੂਰਤ ਨਹੀਂ ਹੁੰਦੀ ਹੈ। ਇਹ ਸੇਵਾ ਸੂਬੇ ਦੇ ਸਾਰੇ ਵਿਕਟੋਰੀਆ ਵਾਸੀਆਂ ਅਤੇ ਯਾਤਰੀਆਂ ਲਈ ਉਪਲਬਧ ਹੈ।
- ਕੁੱਝ ਮਾਮਲਿਆਂ ਵਿੱਚ, ਇਲਾਜ ਦਾ ਸਭ ਤੋਂ ਢੁੱਕਵਾਂ ਰੂਪ ਕਿਸੇ ਜਨਰਲ ਪ੍ਰੈਕਟੀਸ਼ਨਰ ਤੋਂ ਉਪਲਬਧ ਹੋ ਸਕਦਾ ਹੈ। ਨਰਸਾਂ ਇਹ ਸੁਝਾਅ ਦੇ ਸਕਦੀਆਂ ਹਨ ਕਿ ਜਦੋਂ GP ਉਪਲਬਧ ਹੋਵੇ ਤਾਂ ਤੁਸੀਂ ਆਪਣੇ ਰੈਗੂਲਰ ਜੀਪੀ ਨੂੰ ਮਿਲੋ। ਸੁਪਰਕੇਅਰ ਫਾਰਮੇਸੀ ਨਰਸ ਸਥਾਨਕ ਕੰਮਕਾਜੀ ਸਮੇਂ ਤੋਂ ਬਾਅਦ, ਹੋਰ ਡਾਕਟਰੀ ਸੇਵਾਵਾਂ ਦਾ ਸੁਝਾਅ ਦੇ ਸਕਦੀ ਹੈ, ਜਾਂ ਇਹ ਸਿਫ਼ਾਰਸ਼ ਕਰ ਸਕਦੀ ਹੈ ਕਿ ਤੁਸੀਂ ED ਵਿੱਚ ਹਾਜ਼ਰ ਹੋਵੋ। ਤੁਹਾਡੀ ਸਹਿਮਤੀ ਨਾਲ, ਨਰਸ ਤੁਹਾਡੇ ਜੀਪੀ ਨੂੰ ਇਸ ਬਾਰੇ ਵੇਰਵਿਆਂ ਸਹਿਤ ਇੱਕ ਲਿਖਤੀ ਸੰਖੇਪ ਜਾਣਕਾਰੀ ਪ੍ਰਦਾਨ ਕਰੇਗੀ ਕਿ ਤੁਸੀਂ ਸੁਪਰਕੇਅਰ ਫਾਰਮੇਸੀ ਵਿੱਚ ਕਿਉਂ ਹਾਜ਼ਰ ਹੋਏ ਸੀ।

## ਸਥਾਨ

ਪੂਰੇ ਵਿਕਟੋਰੀਆ ਵਿੱਚ ਵੀਹ ਸੁਪਰਕੇਅਰ ਫਾਰਮੇਸੀਆਂ ਖੁੱਲ੍ਹੀਆਂ ਹੋਈਆਂ ਹਨ, ਛੇ ਖੇਤਰੀ ਇਲਾਕਿਆਂ ਵਿੱਚ ਸਥਿਤ ਹਨ:

- Ascot Vale - Ascot Vale Pharmacy, 67-69 Union Road, Ascot Vale, 9370 4146
- Ballarat - UFS Dispensaries, 717 Sturt Street, Ballarat, 5331 9811
- Balwyn - Balwyn Day and Night Pharmacy, 310-314 Whitehorse Rd, Balwyn, 9836 3245
- Bendigo - Bendigo UFS Pharmacies, Corner View and Barnard Streets, Bendigo, 5443 4610
- Coburg - Coburg Pharmacy 4 Less, 1 Louisa St, Coburg, 9386 6655
- Craigieburn - Chemist Discount Centre, 2A/340 Craigieburn Road, Craigieburn, 9308 4981
- Cranbourne North - Cranbourne North Chemist Warehouse, 180S William Thwaites Blvd, Cranbourne North, 8391 9509
- Curlewis - Curlewis Pharmacy 4 Less, 10-11/90 Centennial Blvd, Curlewis, 5251 6781
- Hoppers Crossing - Hoppers Crossing Chemist Warehouse, Shop 24-25, 428 Old Geelong Rd, Hoppers Crossing, 9931 0040
- Keilor East - Keilor East Chemist Warehouse, Lot 3 233 Milleara Rd, Keilor East, 9325 4660
- Keysborough - Parkmore Pharmacy 4 Less, Shop J01, 317 Cheltenham Rd, Keysborough, 9798 1936
- Melbourne - HealthSmart Pharmacy Victorian Comprehensive Cancer Centre, 311 Grattan St, Melbourne, 9045 9777
- Melton - Melton Chemist Warehouse, Unit 4 Melton Gateway, 66-84 High St, Melton, 9746 8733
- Mildura - Mildura Chemist Warehouse, 114A -118 Langtree Ave, Mildura, 5023 2383
- Reservoir - Reservoir Pharmacy 4 Less, Summerhill Shopping Centre, 27/850 Plenty Rd, Reservoir, 9471 0222
- Ringwood - Ringwood Chemist Warehouse, 131-133 Maroondah Hwy, Ringwood, 9870 5022
- Shepparton - Shepparton Chemist Warehouse, 425 Wyndham St, Shepparton, 5821 6000
- Traralgon - Traralgon Chemist Warehouse, 92 Franklin St, Traralgon, 5174 2003
- Wantirna South - Pharmacy@Knox, Shop 2081 Westfield Knox, 425 Burwood Hwy, Wantirna South, 9800 5199
- Yarraville - Carnovale Pharmacy, 149 Somerville Road, Yarraville, 9314 7557

To receive this document in another format, phone 1300 650 172, using the National Relay Service 13 36 77 if required. Or email Primary, Community and Oral Health Unit, Supercare Pharmacies<supercarepharmacies@health.vic.gov.au>.

Authorised and published by the Victorian Government, 1 Treasury Place, Melbourne.

© State of Victoria, Australia, Department of Health, December 2021.

Available at Better Health Channel <https://www.betterhealth.vic.gov.au/health/servicesandsupport/victorian-supercare-pharmacies>